# Punjab Government Gazette

## EXTRAORDINARY

*Published by Authority*

CHANDIGARH, FRIDAY, MARCH 27, 2026
(CHAITRA 6, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਅਸਥਾਈ ਅਧਿਲੰਘਣ) ਐਕਟ, 1978 (1978 ਦਾ ਪੰਜਾਬ ਐਕਟ ਨੰ. 29) | ... 351-352 |
| | 2. ਪੰਜਾਬ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀ (ਸੇਵਾ ਦੀ ਸੁਰੱਖਿਆ) ਐਕਟ, 1979 (1979 ਦਾ ਪੰਜਾਬ ਐਕਟ ਨੰ. 18) | ... 353-359 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |

ਭਾਗ -1

## ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 27 ਮਾਰਚ, 2026

ਨੰ: 27/ਭ.ਕ./2026.- ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਅਸਥਾਈ ਅਧਿਲੰਘਣ) ਐਕਟ, 1978 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 27th March, 2026

**No. 27/L.C./2026.-** The Translation in Punjabi of the Punjab Panchayat Samitis and Parishads (Temporary Supersession) Act, 1978 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਅਸਥਾਈ ਅਧਿਲੰਘਣ) ਐਕਟ, 1978**

(1978 ਦਾ ਪੰਜਾਬ ਐਕਟ ਨੰ: 29)

ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਇੱਕ ਅਸਥਾਈ ਮੁੱਦਤ ਲਈ ਅਧਿਲੰਘਣ ਕਰਨ ਲਈ ਅਤੇ ਅਧਿਲੰਘਣ ਦੀ ਮੁੱਦਤ ਦੇ ਦੌਰਾਨ ਉਨ੍ਹਾਂ ਦੇ ਪ੍ਰਸ਼ਾਸਨ ਨੂੰ ਚਲਾਉਣ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਉਨੱਤੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ (ਅਸਥਾਈ ਅਧਿਲੰਘਣ) ਐਕਟ, 1978 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ, ਅਧਿਸੂਚਨਾ ਦੁਆਰਾ, ਨਿਯਤ ਕਰੇ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,- ਪਰਿਭਾਸ਼ਾਵਾਂ।

(ੳ) "ਐਕਟ" ਦਾ ਮਤਲਬ ਹੈ ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਐਕਟ, 1961;

(ਅ) ਇਸ ਐਕਟ ਵਿੱਚ ਵਰਤੇ ਗਏ ਪਰ ਪਰਿਭਾਸ਼ਿਤ ਨਹੀਂ ਕੀਤੇ ਗਏ ਹੋਰ ਸਾਰੇ ਸ਼ਬਦਾਂ ਅਤੇ ਪਦਾਂ ਦੇ ਉਹੀ ਮਤਲਬ ਹੋਣਗੇ ਜੋ ਉਨ੍ਹਾਂ ਨੂੰ ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਐਕਟ, 1961 ਵਿੱਚ ਦਿੱਤੇ ਗਏ ਹਨ।

ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਅਧਿਲੰਘਣ।

3. (1) ਕਿਉਂਜੋ ਅਜਿਹੇ ਹਾਲਾਤ ਮੌਜੂਦ ਹਨ ਜੋ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਤੁਰੰਤ ਪਹਿਲਾਂ ਉਹਨਾਂ ਪੰਚਾਇਤ ਦੇ ਅਧਿਲੰਘਣ ਲਈ ਉਪਬੰਧ ਕਰਨ ਵਾਸਤੇ ਕਾਰਵਾਈ ਕਰਨਾ ਜ਼ਰੂਰੀ ਬਣਾਉਂਦੇ ਹਨ, ਅਧਿਲੰਘਣ ਕੀਤੇ ਜਾਂਦੇ ਹਨ:

ਪਰੰਤੂ ਅਧਿਲੰਘਣ ਦੀ ਮੁੱਦਤ ਅਪ੍ਰੈਲ, 1994 ਦੇ ਤੇਈਵੇਂ ਦਿਨ ਤੋਂ ਪਿੱਛੋਂ ਨਹੀਂ ਵਧੇਗੀ।

(2) ਐਕਟ ਦੀ ਧਾਰਾ 105 ਦੇ ਉਪਬੰਧ, ਜਿੱਥੋਂ ਤੱਕ ਹੋ ਸਕੇ, ਅਜਿਹੇ ਅਧਿਲੰਘਣ ਤੇ ਲਾਗੂ ਹੋਣਗੇ ਅਤੇ ਅਧਿਲੰਘਣ ਦੀ ਮੁੱਦਤ ਦੇ ਦੌਰਾਨ, ਪੰਚਾਇਤ ਸੰਮਤੀਆਂ ਜਾਂ ਜ਼ਿਲ੍ਹਾ ਪਰਿਸ਼ਦਾਂ ਦੇ ਚੇਅਰਮੈਨ ਦੀਆਂ ਸ਼ਕਤੀਆਂ ਦੀ ਵਰਤੋਂ ਅਤੇ ਕਰਤੱਵਾਂ ਦਾ ਪਾਲਣ, ਜਿਹੀ ਕਿ ਸੂਰਤ ਹੋਵੇ, ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਧੀਨ, ਉਕਤ ਧਾਰਾ ਦੀ ਉਪ-ਧਾਰਾ (1) ਦੇ ਖੰਡ (ਅ) ਦੇ ਅਧੀਨ ਨਿਯੁਕਤ ਕੀਤੇ ਗਏ ਵਿਅਕਤੀ ਜਾਂ ਵਿਅਕਤੀਆਂ ਦੁਆਰਾ ਕੀਤਾ ਜਾਵੇਗਾ।

ਪਹਿਲਾਂ ਹੀ ਅਧਿਲੰਘਣ ਅਧੀਨ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ ਤੇ ਐਕਟ ਦਾ ਲਾਗੂ ਹੋਣਾ।

4. ਇਸ ਐਕਟ ਦੇ ਉਪਬੰਧ ਉਨ੍ਹਾਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ 'ਤੇ ਵੀ ਲਾਗੂ ਹੋਣਗੇ ਜਿਹੜੀਆਂ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਅਧਿਲੰਘਣ ਅਧੀਨ ਹਨ, ਮਾਨੋਂ ਅਜਿਹੀਆਂ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਇਸ ਐਕਟ ਦੁਆਰਾ ਅਧਿਲੰਘਣ ਕੀਤੀਆਂ ਗਈਆਂ ਸਨ।

ਪਰਮ ਪ੍ਰਭਾਵ।

5. ਇਸ ਐਕਟ ਦੇ ਉਪਬੰਧ ਐਕਟ ਵਿੱਚ ਦਰਜ ਕਿਸੇ ਗੱਲ ਦੇ ਉਲਟ ਹੁੰਦਿਆਂ ਹੋਇਆਂ ਵੀ ਪਰਮ ਪ੍ਰਭਾਵੀ ਹੋਣਗੇ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

6. ਜੇ ਇਸ ਐਕਟ ਦੇ ਉਪਬੰਧਾਂ ਦੀ ਦ੍ਰਿਸ਼ਟੀ ਵਿੱਚ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਣ ਵਾਲਾ ਅਜਿਹਾ ਹੁਕਮ ਦੇ ਸਕਦੀ ਹੈ ਜਾਂ ਅਜਿਹੀ ਗੱਲ ਕਰ ਸਕਦੀ ਹੈ, ਜੋ ਕਠਨਾਈ ਨੂੰ ਦੂਰ ਕਰਨ ਲਈ ਇਸ ਨੂੰ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਵੇ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3674/3-2026/Pb. Govt. Press, S.A.S. Nagar*

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 27 ਮਾਰਚ, 2026

**ਨੰ: 28/ਭ.ਕ./2026.-** ਪੰਜਾਬ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀ (ਸੇਵਾ ਦੀ ਸੁਰੱਖਿਆ) ਐਕਟ, 1979 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 27th March, 2026

**No. 28/L.C./2026.-** The Translation in Punjabi of the Punjab Privately Managed Recognised Schools Employees (Security of Service) Act, 1979 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀ (ਸੇਵਾ ਦੀ ਸੁਰੱਖਿਆ) ਐਕਟ, 1979**

(1979 ਦਾ ਪੰਜਾਬ ਐਕਟ ਨੰ: 18)

ਪੰਜਾਬ ਰਾਜ ਵਿੱਚ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀਆਂ ਦੀ ਸੇਵਾ ਦੀ ਸੁਰੱਖਿਆ ਅਤੇ ਉਸ ਦੇ ਨਾਲ ਸਬੰਧਤ ਅਤੇ ਉਸ ਦੇ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤੀਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ-ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਅਧਿਆਏ I

ਪ੍ਰਾਰੰਭਕ

1. (1) ਇਸ ਐਕਟ ਨੂੰ ਪੰਜਾਬ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲਾਂ ਦੇ ਕਰਮਚਾਰੀ (ਸੇਵਾ ਦੀ ਸੁਰੱਖਿਆ) ਐਕਟ, 1979 ਕਿਹਾ ਜਾ ਸਕੇਗਾ। ਸੰਖੇਪ ਨਾਂ, ਵਿਸਥਾਰ ਅਤੇ ਅਰੰਭ।

(2) ਇਸ ਦਾ ਵਿਸਤਾਰ ਪੂਰੇ ਪੰਜਾਬ ਰਾਜ 'ਤੇ ਹੈ।

(3) ਇਹ ਅਜਿਹੀ ਤਰੀਕ ਤੋਂ ਨਾਫ਼ਜ਼ ਹੋਵੇਗਾ ਜੋ ਰਾਜ ਸਰਕਾਰ ਅਧਿਸੂਚਨਾ ਦੁਆਰਾ ਨਿਯਤ ਕਰੇ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਸਹਾਇਤਾ ਪ੍ਰਾਪਤ ਆਸਾਮੀ" ਦਾ ਮਤਲਬ ਹੈ ਕਿਸੇ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲ ਦੇ ਅਮਲੇ ਦੀ ਆਸਾਮੀ ਜਿਸ ਦੇ ਬਦਲੇ ਅਜਿਹਾ ਸਕੂਲ ਰਾਜ ਸਰਕਾਰ ਤੋਂ ਸਹਾਇਤਾ ਗ੍ਰਾਂਟ ਪ੍ਰਾਪਤ ਕਰਦਾ ਹੈ;

(ਅ) "ਡਾਇਰੈਕਟਰ" ਦਾ ਮਤਲਬ ਹੈ ਡਾਇਰੈਕਟਰ ਪਬਲਿਕ ਸਿੱਖਿਆ (ਸਕੂਲ), ਪੰਜਾਬ ਅਤੇ ਡਾਇਰੈਕਟਰ ਪਬਲਿਕ ਸਿੱਖਿਆ (ਪ੍ਰਾਇਮਰੀ ਸਿੱਖਿਆ), ਜਿਹੀ ਕਿ ਸੂਰਤ ਹੋਵੇ, ਅਤੇ ਇਸ ਵਿੱਚ ਉਸ ਦੁਆਰਾ ਇਸ ਨਮਿੱਤ ਅਧਿਕਾਰਤ ਕੋਈ ਹੋਰ ਅਧਿਕਾਰੀ ਸ਼ਾਮਲ ਹੈ;

(ੲ) "ਕਰਮਚਾਰੀ" ਦਾ ਮਤਲਬ ਹੈ ਕਿਸੇ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲ ਵਿੱਚ ਭਾੜੇ ਜਾਂ ਸਿਲੇ 'ਤੇ ਸਹਾਇਤਾ ਪ੍ਰਾਪਤ ਆਸਾਮੀ ਤੇ ਨਿਯੋਜਤ ਕੋਈ ਵਿਅਕਤੀ (ਭਾਵੇਂ ਰੋਜ਼ਗਾਰ ਦੇ ਨਿਬੰਧਨ ਸਪੱਸ਼ਟ ਜਾਂ ਅਰਥਾਵੇਂ ਹੋਣ) ਅਤੇ ਕਿਸੇ ਵੀ ਰੋਜ਼ਗਾਰ ਦੇ ਝਗੜੇ ਦੇ ਸਬੰਧ ਵਿੱਚ ਇਸ ਐਕਟ ਅਧੀਨ ਕਿਸੇ ਵੀ ਕਾਰਵਾਈ ਦੇ ਪ੍ਰਯੋਜਨਾਂ ਲਈ, ਸੇਵਾ ਤੋਂ ਬਰਖ਼ਾਸਤ ਜਾਂ ਹਟਾਇਆ ਗਿਆ ਵਿਅਕਤੀ ਸ਼ਾਮਲ ਹੈ ਪਰ ਇਸ ਵਿੱਚ ਅੰਸ਼ਕਾਲੀ ਕਰਮਚਾਰੀ ਸ਼ਾਮਲ ਨਹੀਂ ਹੈ;

(ੲੲ) "ਵਿੱਦਿਅਕ ਸੰਸਥਾ" ਦਾ ਉਹੀ ਮਤਲਬ ਹੋਵੇਗਾ ਜੋ ਇਸ ਨੂੰ ਪੰਜਾਬ ਸੰਬੱਧਤ ਕਾਲਜ (ਸੇਵਾ ਦੀ ਸੁਰੱਖਿਆ) ਐਕਟ, 1974 ਦੀ ਧਾਰਾ 2 ਦੇ ਖੰਡ (ਕ) ਵਿੱਚ ਦਿੱਤਾ ਗਿਆ ਹੈ;

(ਸ) "ਮੌਜੂਦਾ ਸਕੂਲ" ਦਾ ਮਤਲਬ ਹੈ ਇੱਕ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲ ਜੋ ਇਸ ਐਕਟ ਦੇ ਅਰੰਭ ਹੋਣ ਵੇਲੇ ਹੋਂਦ ਵਿੱਚ ਹੈ;

(ਹ) "ਪ੍ਰਬੰਧਕ ਕਮੇਟੀ" ਦਾ ਮਤਲਬ ਹੈ ਉਨ੍ਹਾਂ ਵਿਅਕਤੀਆਂ ਦੀ ਬੌਡੀ ਜਿਨ੍ਹਾਂ ਨੂੰ ਕਿਸੇ ਵੀ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲ ਦਾ ਪ੍ਰਬੰਧ ਸੌਂਪਿਆ ਗਿਆ ਹੈ;

(ਕ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਖ) "ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲ" ਦਾ ਮਤਲਬ ਹੈ ਇੱਕ ਸਕੂਲ, ਜੋ ਕਿ ਕੇਂਦਰੀ ਸਰਕਾਰ, ਰਾਜ ਸਰਕਾਰ, ਸਥਾਨਕ ਅਥਾਰਟੀ ਜਾਂ ਕੇਂਦਰੀ ਸਰਕਾਰ, ਰਾਜ ਸਰਕਾਰ ਜਾਂ ਸਥਾਨਕ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਦੁਆਰਾ ਨਾਮਤ ਜਾਂ ਪ੍ਰਯੋਜਕ ਕੀਤੀ ਕਿਸੇ ਹੋਰ ਅਥਾਰਟੀ ਦੁਆਰਾ ਨਹੀਂ ਚਲਾਇਆ ਜਾਂਦਾ ਹੈ, ਅਤੇ ਰਾਜ ਸਰਕਾਰ ਦੁਆਰਾ ਡਿਗਰੀ ਪੱਧਰ ਤੋਂ ਹੇਠਾਂ ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਮਿਡਲ, ਉੱਚ ਅਤੇ ਉਚੇਰੀ ਸੈਕੰਡਰੀ ਸਿੱਖਿਆ ਜਾਂ ਸਿਖਲਾਈ ਦੇਣ ਲਈ ਮਾਨਤਾ ਪ੍ਰਾਪਤ ਹੈ, ਪਰੰਤੂ ਇਸ ਵਿੱਚ ਤਕਨੀਕੀ ਸਿੱਖਿਆ ਦੇਣ ਵਾਲੀ ਸੰਸਥਾ ਸ਼ਾਮਲ ਨਹੀਂ ਹੈ;

(ਗ) "ਸਿੱਖਿਅਕ ਟ੍ਰਿਬਿਊਨਲ" ਦਾ ਮਤਲਬ ਹੈ ਪੰਜਾਬ ਸੰਬੱਧਤ ਕਾਲਜ (ਸੇਵਾ ਦੀ ਸੁਰੱਖਿਆ) ਐਕਟ, 1974 ਦੀ ਧਾਰਾ 7-ੳ ਅਧੀਨ ਗਠਤ ਕੀਤਾ ਇੱਕ ਟ੍ਰਿਬਿਊਨਲ।

## ਅਧਿਆਏ II

## ਕਰਮਚਾਰੀਆਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ

3. ਕਰਮਚਾਰੀਆਂ ਦੀ ਭਰਤੀ ਲਈ ਘੱਟੋ-ਘੱਟ ਕਾਬਲੀਅਤਾਂ ਅਤੇ ਸੇਵਾ ਦੀਆਂ ਸ਼ਰਤਾਂ ਅਜਿਹੀਆਂ ਹੋਣਗੀਆਂ, ਜਿਵੇਂ ਮੁਕੱਰਰ ਕੀਤੀਆਂ ਜਾਣ: ਕਰਮਚਾਰੀਆਂ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ।

ਪ੍ਰੰਤੂ ਕਿਸੇ ਮੌਜੂਦਾ ਸਕੂਲ ਦੇ ਕਰਮਚਾਰੀ ਦੀ ਨ ਤਾਂ ਤਨਖਾਹ ਅਤੇ ਨ ਹੀ ਗੈਰ-ਹਾਜ਼ਰੀ ਦੀ ਛੁੱਟੀ, ਨਿਵਿਰਤੀ ਦੀ ਉਮਰ ਅਤੇ ਪੈਨਸ਼ਨ ਦੇ ਬਾਰੇ ਵਿੱਚ ਅਧਿਕਾਰ ਅਜਿਹੇ ਕਰਮਚਾਰੀ ਦੇ ਅਲਾਭ ਲਈ ਅਦਲ-ਬਦਲ ਕੀਤੇ ਜਾਣਗੇ:

ਪ੍ਰੰਤੂ ਇਹ ਹੋਰ ਕਿ ਅਜਿਹਾ ਹਰੇਕ ਕਰਮਚਾਰੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਚੁਣਨ ਦਾ ਹੱਕਦਾਰ ਹੋਵੇਗਾ ਜੋ ਇਸ ਐਕਟ ਦੇ ਅਰੰਭ ਤੋਂ ਤੁਰੰਤ ਪਹਿਲਾਂ ਉਸ 'ਤੇ ਲਾਗੂ ਸਨ।

4. (1) ਇਸ ਦੇ ਨਮਿੱਤ ਬਣਾਏ ਜਾਣ ਵਾਲੇ ਕਿਸੇ ਨਿਯਮ ਦੇ ਤਾਬੇ, ਕਿਸੇ ਵੀ ਕਰਮਚਾਰੀ ਨੂੰ ਬਰਖ਼ਾਸਤ ਨਹੀਂ ਕੀਤਾ ਜਾਵੇਗਾ, ਹਟਾਇਆ ਨਹੀਂ ਜਾਵੇਗਾ ਜਾਂ ਰੈਂਕ ਵਿੱਚ ਜਾਂ ਸਮਾਂ ਸਕੇਲ ਦੇ ਅੰਦਰ ਘਟਾਇਆ ਨਹੀਂ ਜਾਵੇਗਾ ਨਾ ਹੀ ਉਸ ਦੀਆਂ ਸੇਵਾਵਾਂ ਡਾਇਰੈਕਟਰ ਦੀ ਪੂਰਵਲੀ ਪ੍ਰਵਾਨਗੀ ਤੋਂ ਬਿਨ੍ਹਾਂ ਹੋਰ ਤਰ੍ਹਾਂ ਸਮਾਪਤ ਕੀਤੀਆਂ ਜਾਣਗੀਆਂ। ਕਰਮਚਾਰੀਆਂ ਦੀ ਬਰਖ਼ਾਸਤਗੀ ਹਟਾਉਣਾ ਆਦਿ।

(2) ਕੋਈ ਵੀ ਕਰਮਚਾਰੀ ਜਿਸ ਨੂੰ ਉਪ-ਧਾਰਾ (1) ਦੇ ਅਧੀਨ ਜਾਂ ਤਾਂ ਰੈਂਕ ਵਿੱਚ ਜਾਂ ਸਮਾਂ-ਸਕੇਲ ਦੇ ਅੰਦਰ ਬਰਖ਼ਾਸਤ, ਹਟਾਇਆ ਜਾਂ ਘਟਾਇਆ ਜਾਂਦਾ ਹੈ, ਉਹ ਅਜਿਹੇ ਬਰਖ਼ਾਸਤ, ਹਟਾਉਣ ਜਾਂ ਘਟਾਉਣ ਦੇ ਹੁਕਮ ਦੇ ਸੰਸੂਚਿਤ ਹੋਣ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੇ ਅੰਦਰ, ਅਜਿਹੇ ਹੁਕਮ ਦੇ ਵਿਰੁੱਧ ਸਿੱਖਿਅਕ ਟ੍ਰਿਬਿਊਨਲ ਨੂੰ ਅਪੀਲ ਕਰ ਸਕੇਗਾ।

(3) ਡਾਇਰੈਕਟਰ ਦੇ ਹੁਕਮ ਤੋਂ ਦੁਖਿਤ ਪ੍ਰਬੰਧਕ ਕਮੇਟੀ ਵੀ ਹੁਕਮ ਦੇ ਸੰਸੂਚਿਤ ਹੋਣ ਦੀ ਤਰੀਕ ਤੋਂ ਤਿੰਨ ਮਹੀਨਿਆਂ ਦੀ ਮੁੱਦਤ ਦੇ ਅੰਦਰ ਸਿੱਖਿਅਕ ਟ੍ਰਿਬਿਊਨਲ ਨੂੰ ਅਪੀਲ ਕਰ ਸਕੇਗੀ।

5. ਡਾਇਰੈਕਟਰ ਦੀ ਪੂਰਵਲੀ ਪ੍ਰਵਾਨਗੀ ਤੋਂ ਬਿਨ੍ਹਾਂ ਕਿਸੇ ਵੀ ਕਰਮਚਾਰੀ ਨੂੰ ਛੇ ਮਹੀਨਿਆਂ ਤੋਂ ਵੱਧ ਮੁੱਦਤ ਲਈ ਮੁਅੱਤਲੀ ਅਧੀਨ ਨਹੀਂ ਰੱਖਿਆ ਜਾਵੇਗਾ। ਕਰਮਚਾਰੀਆਂ ਦੀ ਮੁਅੱਤਲੀ।

6. ਹਰੇਕ ਕਰਮਚਾਰੀ ਅਜਿਹੇ ਆਚਾਰ ਸੰਘਤਾ ਦੁਆਰਾ ਸ਼ਾਸਤ ਕੀਤਾ ਜਾਵੇਗਾ ਜੋ ਮੁਕੱਰਰ ਕੀਤਾ ਜਾਵੇ ਅਤੇ ਅਜਿਹੀ ਆਚਾਰ ਸੰਘਤਾ ਦੇ ਕਿਸੇ ਵੀ ਉਪਬੰਧ ਦੀ ਖ਼ਿਲਾਫ਼ਵਰਜ਼ੀ 'ਤੇ ਕਰਮਚਾਰੀ ਅਜਿਹੀ ਅਨੁਸ਼ਾਸਨੀ ਕਾਰਵਾਈ ਲਈ ਭਾਗੀ ਹੋਵੇਗਾ ਜਿਵੇਂ ਮੁਕੱਰਰ ਕੀਤਾ ਜਾਵੇ। ਕਰਮਚਾਰੀਆਂ ਦਾ ਆਚਾਰ ਸੰਘਤਾ ਦੁਆਰਾ ਸ਼ਾਸਤ ਕੀਤਾ ਜਾਣਾ।

7. ਧਾਰਾ 3 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਕਰਮਚਾਰੀਆਂ ਦੀ ਤਨਖਾਹ ਅਤੇ ਮਹਿੰਗਾਈ ਭੱਤੇ ਦਾ ਸਕੇਲ ਰਾਜ ਸਰਕਾਰ ਦੁਆਰਾ ਚਲਾਏ ਜਾਂਦੇ ਸਕੂਲਾਂ ਵਿੱਚ ਤੱਤਸਥਾਨੀ ਆਸਾਮੀਆਂ ਧਾਰਨ ਕਰਦੇ ਰਾਜ ਸਰਕਾਰ ਦੇ ਉਨ੍ਹਾਂ ਕਰਮਚਾਰੀਆਂ ਤੋਂ ਘੱਟ ਨਹੀਂ ਹੋਵੇਗਾ: ਕਰਮਚਾਰੀਆਂ ਦੀਆਂ ਤਨਖਾਹਾਂ।

ਪ੍ਰੰਤੂ ਜਿੱਥੇ ਕਰਮਚਾਰੀਆਂ ਦੀ ਤਨਖਾਹ ਅਤੇ ਮਹਿੰਗਾਈ ਭੱਤੇ ਦੇ ਸਕੇਲ ਰਾਜ ਸਰਕਾਰ ਦੁਆਰਾ ਚਲਾਏ ਜਾਂਦੇ ਸਕੂਲਾਂ ਵਿੱਚ ਤਤਸਥਾਨੀ ਆਸਾਮੀਆਂ ਧਾਰਨ ਕਰਦੇ ਰਾਜ ਸਰਕਾਰ ਦੇ ਉਨ੍ਹਾਂ ਕਰਮਚਾਰੀਆਂ ਨਾਲੋਂ ਘੱਟ ਹਨ, ਤਾਂ ਡਾਇਰੈਕਟਰ ਸਬੰਧਤ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਨੂੰ ਰਾਜ ਸਰਕਾਰ ਦੇ ਅਜਿਹੇ ਉਨ੍ਹਾਂ ਕਰਮਚਾਰੀਆਂ ਦੇ ਬਰਾਬਰ ਲਿਆਉਣ ਲਈ ਨਿਰਦੇਸ਼ ਦੇਵੇਗਾ।

ਸਿੱਖਿਅਕ ਟ੍ਰਿਬਿਊਨਲ ਦੀ ਅਧਿਕਾਰਤਾ।

8. ਇਸ ਐਕਟ ਵਿੱਚ, ਅਤੇ ਪੰਜਾਬ ਸੰਬੱਧਤ ਕਾਲਜ (ਸੇਵਾ ਦੀ ਸੁਰੱਖਿਆ) ਐਕਟ, 1974 ਦੀ ਧਾਰਾ 7-ਓ ਦੀ ਉਪ-ਧਾਰਾ (12) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸਿੱਖਿਅਕ ਟ੍ਰਿਬਿਊਨਲ ਨੂੰ ਸਾਰੇ ਵਿੱਦਿਅਕ ਸੰਸਥਾਵਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਉਨ੍ਹਾਂ ਦੇ ਕਰਮਚਾਰੀਆਂ ਵਿਚਕਾਰ ਝਗੜਿਆਂ ਦੇ ਮਾਮਲੇ ਸੁਣਨ ਦੀ ਅਧਿਕਾਰਤਾ ਵੀ ਹੋਵੇਗੀ।

## ਅਧਿਆਏ III
## ਫੁਟਕਲ ਉਪਬੰਧ

ਸਿਵਲ ਅਦਾਲਤਾਂ ਦੀ ਅਧਿਕਾਰਤਾ ਤੇ ਰੋਕ।

9. ਕਿਸੇ ਦਿਵਾਨੀ ਅਦਾਲਤ ਨੂੰ ਕਿਸੇ ਵੀ ਮਾਮਲੇ ਦੇ ਬਾਰੇ ਵਿੱਚ ਅਧਿਕਾਰਤਾ ਨਹੀਂ ਹੋਵੇਗੀ ਜਿਸ ਦੇ ਸਬੰਧ ਵਿੱਚ ਰਾਜ ਸਰਕਾਰ ਜਾਂ ਡਾਇਰੈਕਟਰ ਨੂੰ ਇਸ ਐਕਟ ਦੁਆਰਾ ਜਾਂ ਅਧੀਨ ਕਿਸੇ ਸ਼ਕਤੀ ਦੀ ਵਰਤੋਂ ਕਰਨ ਲਈ ਸ਼ਕਤੀ ਪ੍ਰਾਪਤ ਹੈ, ਅਤੇ ਕਿਸੇ ਦਿਵਾਨੀ ਅਦਾਲਤ ਦੁਆਰਾ ਇਸ ਐਕਟ ਦੁਆਰਾ ਜਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਦੇ ਬਾਰੇ ਵਿੱਚ ਕੋਈ ਮਨਾਹੀ-ਹੁਕਮ ਨਹੀਂ ਦਿੱਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

10. ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਕਿਸੇ ਨਿਯਮ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਰਾਜ ਸਰਕਾਰ ਜਾਂ ਡਾਇਰੈਕਟਰ ਦੇ ਵਿਰੁੱਧ ਕੋਈ ਦਾਵਾ, ਪ੍ਰਾਸੀਕਿਊਸ਼ਨ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਹੁਕਮ ਜਾਂ ਨਿਰਦੇਸ਼ ਦਾ ਅਪਾਲਣ।

11. ਇਸ ਐਕਟ ਦੇ ਕਿਸੇ ਹੋਰ ਉਪਬੰਧ ਅਧੀਨ ਕੀਤੀ ਜਾ ਸਕਣ ਵਾਲੀ ਕਿਸੇ ਵੀ ਹੋਰ ਕਾਰਵਾਈ ਦੇ ਪ੍ਰਤੀਕੂਲ ਪ੍ਰਭਾਵ ਪਾਏ ਬਿਨ੍ਹਾਂ, ਸਿੱਖਿਅਕ ਟ੍ਰਿਬਿਊਨਲ ਦੇ ਕਿਸੇ ਵੀ ਹੁਕਮਾਂ ਜਾਂ ਇਸ ਐਕਟ ਅਧੀਨ ਡਾਇਰੈਕਟਰ ਦੇ ਕਿਸੇ ਵੀ ਨਿਰਦੇਸ਼ ਨੂੰ ਸਿਰੇ ਚਾੜ੍ਹਨ ਵਿੱਚ ਅਸਫ਼ਲਤਾ 'ਤੇ, ਰਾਜ ਸਰਕਾਰ ਅਜਿਹੀ ਕਾਰਵਾਈ ਕਰ ਸਕੇਗੀ ਜੋ ਉਹ ਢੁੱਕਵੀਂ ਸਮਝੇ, ਜਿਸ ਵਿੱਚ ਸਹਾਇਤਾ ਗ੍ਰਾਂਟ ਨੂੰ ਰੋਕਣਾ ਸ਼ਾਮਲ ਹੈ।

ਡੰਨ।

12. ਕੋਈ ਵਿਅਕਤੀ ਜਿਸ ਨੂੰ ਪ੍ਰਾਈਵੇਟ ਤੌਰ 'ਤੇ ਪ੍ਰਬੰਧਤ ਮਾਨਤਾ ਪ੍ਰਾਪਤ ਸਕੂਲ ਦੇ ਮਾਮਲਿਆਂ ਦਾ ਪ੍ਰਬੰਧਨ ਸੌਂਪਿਆ ਗਿਆ ਹੈ, ਸਿੱਖਿਅਕ ਟ੍ਰਿਬਿਊਨਲ ਦੁਆਰਾ ਕੀਤੇ ਗਏ ਕਿਸੇ ਹੁਕਮਾਂ ਨੂੰ ਸਿਰੇ ਚਾੜ੍ਹਨ ਵਿੱਚ ਬਿਨਾਂ ਕਿਸੇ ਵਾਜਬ ਕਾਰਨ ਦੇ ਉਕਾਈ ਕਰਦਾ ਹੈ ਜਾਂ ਅਸਫ਼ਲ ਰਹਿੰਦਾ ਹੈ, ਅਉਧ ਲਈ ਜੋ ਤਿੰਨ ਮਹੀਨਿਆਂ ਤੱਕ ਵਧਾਈ ਜਾ ਸਕੇਗੀ ਜਾਂ ਜੁਰਮਾਨੇ ਨਾਲ ਜੋ ਇੱਕ ਹਜਾਰ ਰੁਪਏ ਤੱਕ ਵਧਾਇਆ ਜਾ ਸਕੇਗਾ ਜਾਂ ਦੋਵਾਂ ਦੀ ਕੈਦ ਨਾਲ ਸਜ਼ਾ ਦਿੱਤੇ ਜਾਣ ਯੋਗ ਹੋਵੇਗਾ।

13. (1) ਇਸ ਐਕਟ ਅਧੀਨ ਜਿੱਥੇ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੋਵੇ, ਉੱਥੇ ਹਰੇਕ ਵਿਅਕਤੀ, ਜੋ ਅਪਰਾਧ ਦੇ ਕੀਤੇ ਜਾਣ ਸਮੇਂ, ਕੰਪਨੀ ਦੇ ਕਾਰੋਬਾਰ ਦੇ ਸੰਚਾਲਣ ਲਈ ਉਸ ਕੰਪਨੀ ਦਾ ਇੰਚਾਰਜ ਸੀ, ਅਤੇ ਉਸ ਪ੍ਰਤੀ ਉੱਤਰਦਾਈ ਸੀ, ਨਾਲੇ ਉਹ ਕੰਪਨੀ, ਉਸ ਅਪਰਾਧ ਦੇ ਦੋਸ਼ੀ ਸਮਝੇ ਜਾਣਗੇ ਅਤੇ ਉਸ ਅਨੁਸਾਰ ਉਨ੍ਹਾਂ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦੇ ਭਾਗੀ ਹੋਣਗੇ: ਕੰਪਨੀਆਂ ਦੁਆਰਾ ਅਪਰਾਧ।

ਪ੍ਰੰਤੂ ਇਸ ਉਪ-ਧਾਰਾ ਵਿੱਚ ਦਰਜ ਕੋਈ ਗੱਲ ਕਿਸੇ ਅਜਿਹੇ ਵਿਅਕਤੀ ਨੂੰ ਕਿਸੇ ਸਜ਼ਾ ਦਾ ਭਾਗੀ ਨਹੀ ਬਣਾਏਗੀ, ਜੇ ਉਹ ਇਹ ਸਾਬਤ ਕਰ ਦਿੰਦਾ ਹੈ ਕਿ ਅਪਰਾਧ ਉਸ ਦੀ ਜਾਣਕਾਰੀ ਤੋਂ ਬਿਨਾਂ ਕੀਤਾ ਗਿਆ ਸੀ, ਜਾਂ ਉਸ ਨੇ ਅਜਿਹੇ ਅਪਰਾਧ ਦੇ ਕੀਤੇ ਜਾਣ ਨੂੰ ਰੋਕਣ ਲਈ ਸਾਰੀ ਯੋਗ ਤਨਦਿਹੀ ਦੀ ਵਰਤੋਂ ਕੀਤੀ ਸੀ।

(2) ਉਪ-ਧਾਰਾ (1) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਇਸ ਐਕਟ ਅਧੀਨ ਜਿੱਥੇ ਕੋਈ ਅਪਰਾਧ ਕਿਸੇ ਕੰਪਨੀ ਦੁਆਰਾ ਕੀਤਾ ਗਿਆ ਹੈ ਅਤੇ ਇਹ ਸਾਬਤ ਹੋ ਜਾਂਦਾ ਹੈ ਕਿ ਉਹ ਅਪਰਾਧ ਕੰਪਨੀ ਦੇ ਕਿਸੇ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਕਿਸੇ ਹੋਰ ਅਧਿਕਾਰੀ ਦੀ ਰਜ਼ਾਮੰਦੀ ਜਾਂ ਅਣਡਿੱਠਤਾ ਨਾਲ ਕੀਤਾ ਗਿਆ ਹੈ, ਜਾਂ ਉਸ ਦੀ ਕਿਸੇ ਅਣਗਹਿਲੀ ਦੇ ਕਾਰਨ ਹੋਇਆ ਮੰਨਿਆ ਜਾ ਸਕਦਾ ਹੈ, ਉੱਥੇ ਅਜਿਹਾ ਡਾਇਰੈਕਟਰ, ਮੈਨੇਜਰ, ਸਕੱਤਰ ਜਾਂ ਹੋਰ ਅਧਿਕਾਰੀ ਉਸ ਅਪਰਾਧ ਦਾ ਦੋਸ਼ੀ ਸਮਝਿਆ ਜਾਵੇਗਾ ਅਤੇ ਉਸ ਅਨੁਸਾਰ ਉਸ ਵਿਰੁੱਧ ਕਾਰਵਾਈ ਕੀਤੇ ਜਾਣ ਅਤੇ ਸਜ਼ਾ ਦਿੱਤੇ ਜਾਣ ਦਾ ਭਾਗੀ ਹੋਵੇਗਾ।

ਵਿਆਖਿਆ- ਇਸ ਧਾਰਾ ਦੇ ਪ੍ਰਯੋਜਨ ਲਈ,-

(ੳ) "ਕੰਪਨੀ" ਦਾ ਮਤਲਬ ਹੈ ਕੋਈ ਨਿਗਮਤ ਬੌਡੀ ਅਤੇ ਇਸ ਵਿੱਚ ਕੋਈ ਫ਼ਰਮ ਜਾਂ ਵਿਅਕਤੀਆਂ ਦੀ ਹੋਰ ਸਭਾ ਸ਼ਾਮਲ ਹੈ; ਅਤੇ

(ਅ) ਕਿਸੇ ਫ਼ਰਮ ਦੇ ਸਬੰਧ ਵਿੱਚ "ਡਾਇਰੈਕਟਰ" ਦਾ ਮਤਲਬ ਹੈ ਉਸ ਫ਼ਰਮ ਵਿੱਚ ਕੋਈ ਭਾਈਵਾਲ।

14. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨ ਹੋਣ ਵਾਲੇ ਹੁਕਮ ਦੁਆਰਾ ਕਠਨਾਈ ਨੂੰ ਦੂਰ ਕਰ ਸਕਦੀ ਹੈ: ਕਠਨਾਈਆਂ ਦੂਰ ਕਰਨ ਦੀ ਸ਼ਕਤੀ।

ਪਰੰਤੂ ਇਸ ਐਕਟ ਦੇ ਅਰੰਭ ਹੋਣ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

15. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ ਅਤੇ ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਭਾਵੀ ਪ੍ਰਭਾਵ ਅਤੇ ਅਤੀਤਦਰਸ਼ੀ ਪ੍ਰਭਾਵ ਨਾਲ ਨਿਯਮ ਬਣਾ ਸਕੇਗੀ। ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਉਨ੍ਹਾਂ ਵਿੱਚੋਂ ਕਿਸੇ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਕਰਮਚਾਰੀਆਂ ਦੀ ਭਰਤੀ ਲਈ ਘੱਟੋ-ਘੱਟ ਕਾਬਲੀਅਤਾਂ ਅਤੇ ਤਰੀਕਾ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਅ) ਕਰਮਚਾਰੀਆਂ ਲਈ ਆਚਾਰ ਸੰਘਤਾ ਅਤੇ ਇਸ ਦੀ ਖ਼ਿਲਾਫ਼ਵਰਜ਼ੀ ਲਈ ਕੀਤੀ ਜਾਣ ਵਾਲੀ ਅਨੁਸ਼ਾਸਨੀ ਕਾਰਵਾਈ;

(ੲ) ਸਿੱਖਿਅਕ ਟ੍ਰਿਬਿਊਨਲ ਦੇ ਪ੍ਰਧਾਨ ਅਧਿਕਾਰੀ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਸ) ਕੋਈ ਹੋਰ ਮਾਮਲਾ ਜੋ ਇਸ ਐਕਟ ਅਧੀਨ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਉਸ ਦੇ ਬਣਾਏ ਜਾਣ ਪਿੱਛੋਂ, ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਉਪਰੋਕਤ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ; ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਉ।

16. (1) ਪੰਜਾਬ ਸਹਾਇਤਾ ਪ੍ਰਾਪਤ ਸਕੂਲ (ਸੇਵਾ ਦੀ ਸੁਰੱਖਿਆ) ਐਕਟ, 1969, ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ,-

(i) ਇਸ ਤਰ੍ਹਾਂ ਨਿਰਸਤ ਕੀਤੇ ਗਏ ਐਕਟ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ ਇਸ ਐਕਟ ਦੇ ਤਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਜਾਣੀ ਸਮਝੀ ਜਾਵੇਗੀ;

(ii) ਇਸ ਤਰ੍ਹਾਂ ਨਿਰਸਤ ਕੀਤੇ ਗਏ ਐਕਟ ਦੀ ਧਾਰਾ 3 ਦੀ ਉਪ-ਧਾਰਾ (2) ਜਾਂ ਉਪ-ਧਾਰਾ (4) ਦੇ ਅਧੀਨ ਡਿਪਟੀ ਕਮਿਸ਼ਨਰ ਸਾਹਮਣੇ ਲੰਬਿਤ ਕੋਈ ਮਾਮਲਾ, ਉਸ ਨਿਰਸਤ ਕੀਤੇ ਗਏ ਐਕਟ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਦੇ

ਉਪਬੰਧਾਂ ਦੀ ਅਨੁਸਾਰਤਾ ਵਿੱਚ ਡਾਇਰੈਕਟਰ ਨੂੰ ਮੁੰਤਕਿਲ ਹੋ ਜਾਵੇਗਾ ਅਤੇ ਉਸ ਦੁਆਰਾ ਨਜਿੱਠਿਆ ਜਾਵੇਗਾ ਜਿਵੇਂ ਉਹ ਡਿਪਟੀ ਕਮਿਸ਼ਨਰ ਹੋਵੇ;

(iii) ਜਦੋਂ ਤੱਕ ਇਸ ਐਕਟ ਅਧੀਨ ਸਿੱਖਿਅਕ ਟ੍ਰਿਬਿਊਨਲ ਗਠਤ ਨਹੀਂ ਹੋ ਜਾਂਦਾ, ਉਦੋਂ ਤੱਕ ਡਿਵੀਜ਼ਨ ਦਾ ਕਮਿਸ਼ਨਰ ਇਸ ਐਕਟ ਅਧੀਨ ਗਠਤ ਸਿੱਖਿਅਕ ਟ੍ਰਿਬਿਊਨਲ ਸਮਝਿਆ ਜਾਵੇਗਾ, ਅਤੇ ਇਸ ਤਰ੍ਹਾਂ ਨਿਰਸਤ ਕੀਤੇ ਗਏ ਐਕਟ ਦੀ ਧਾਰਾ 3 ਦੀ ਉਪ-ਧਾਰਾ (5) ਅਧੀਨ ਉਸ ਸਾਹਮਣੇ ਲੰਬਿਤ ਕੋਈ ਵੀ ਅਪੀਲ ਜਾਂ ਇਸ ਐਕਟ ਦੀ ਧਾਰਾ 4 ਦੀ ਉਪ-ਧਾਰਾ (2) ਜਾਂ ਉਪ-ਧਾਰਾ (3) ਅਧੀਨ ਦਾਇਰ ਕੀਤੀ ਗਈ ਕੋਈ ਅਪੀਲ ਉਸ ਦੁਆਰਾ ਇਸ ਐਕਟ ਦੇ ਉਪਬੰਧਾਂ ਅਧੀਨ ਨਜਿੱਠੀ ਜਾਵੇਗੀ;

(iv) ਇਸ ਐਕਟ ਅਧੀਨ ਸਿੱਖਿਅਕ ਟ੍ਰਿਬਿਊਨਲ ਦੇ ਗਠਨ ਤੇ, ਸਾਰੀਆਂ ਅਪੀਲਾਂ ਜਿਨ੍ਹਾਂ ਦਾ ਫ਼ੈਸਲਾ ਉਪ-ਖੰਡ (iii) ਅਧੀਨ ਨਹੀਂ ਕੀਤਾ ਜਾ ਸਕਿਆ, ਉਕਤ ਟ੍ਰਿਬਿਊਨਲ ਨੂੰ ਮੁੰਤਕਿਲ ਹੋ ਜਾਣਗੀਆਂ ਅਤੇ ਇਸ ਐਕਟ ਦੇ ਉਪਬੰਧਾਂ ਅਤੇ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਅਧੀਨ ਉਸ ਦੁਆਰਾ ਫ਼ੈਸਲਾ ਕੀਤਾ ਜਾਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3674/3-2026/Pb. Govt. Press, S.A.S. Nagar*